# ਦਫਤਰ ਨਗਰ ਨਿਗਮ, ਬਠਿੰਡਾ।

ਨੰ............ ਮਿਤੀ............

**ਪਬਲਿਕ ਨੋਟਿਸ**

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਾਲ 2023-24 ਵਿੱਚ ਨਗਰ ਨਿਗਮ, ਬਠਿੰਡਾ ਵੱਲੋਂ ਟੈੱਕ ਇਨਫਰਾ ਸੋਲਿਊਸ਼ਨਜ਼ ਏਜੰਸੀ ਰਾਹੀਂ ਸ਼ਹਿਰ ਦੀਆਂ ਜਾਇਦਾਦਾਂ/ਬਿਲਡਿੰਗਾਂ ਦਾ ਸਰਵੇ ਕਰਵਾਉਣ ਉਪਰੰਤ ਪ੍ਰਾਪਰਟੀਆਂ ਦਾ GIS ਡਾਟਾ ਬੇਸ ਤਿਆਰ ਕਰਨ ਉਪਰੰਤ UID ਨੰਬਰਾਂ ਨੂੰ ਮਿਤੀ 01.07.2025 ਤੋਂ ਵੈੱਬਸਾਈਟ www.mcbathinda.com ਤੇ ਉਪਲਬਧ ਕਰਵਾਇਆ ਗਿਆ ਹੈ ਤਾਂ ਜੋ ਹਰ ਇੱਕ ਵਿਅਕਤੀ ਆਪਣੀ ਜਾਇਦਾਦ/ਬਿਲਡਿੰਗ ਦੇ ਵੇਰਵਿਆਂ ਦੀ ਜਾਂਚ ਕਰਕੇ ਵੇਰਵਿਆਂ ਸਬੰਧੀ ਲੋੜੀਂਦੀ ਸੋਧ/ਦਰੁਸਤੀ ਕਰਵਾ ਸਕਣ।

ਇਸ ਪਬਲਿਕ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵਿਅਕਤੀ ਦੀ ਜਾਇਦਾਦ/ਬਿਲਡਿੰਗ ਦੇ ਵੇਰਵੇ ਜਿਵੇਂ ਕਿ ਮਾਲਕ ਦੇ ਨਾਮ ਦਾ ਇੰਦਰਾਜ, ਕਿਰਾਏਦਾਰ/ਕਾਬਜ਼ਕਾਰ ਦਾ ਇੰਦਰਾਜ, ਰਕਬਾ, ਮੋਬਾਇਲ ਨੰਬਰ ਅਤੇ ਬਿਲਡਿੰਗ ਦੀ ਸ਼੍ਰੇਣੀ/ਮੰਜ਼ਿਲ ਆਦਿ ਵਿੱਚ ਕੋਈ ਫਰਕ ਹੈ ਤਾਂ ਉਹ ਪਬਲਿਕ ਨੋਟਿਸ ਛਪਣ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ ਦਸਤਾਵੇਜ਼ੀ ਪੁਖਤਾ ਸਬੂਤ ਨਿਗਮ ਦਫਤਰ ਦੀ ਫਸਟ ਫਲੋਰ ਦੇ ਕਮਰਾ ਨੰਬਰ 103 ਵਿਖੇ ਪੇਸ਼ ਕਰਕੇ ਆਪਣੀ ਜਾਇਦਾਦ/ਬਿਲਡਿੰਗ ਦੇ ਵੇਰਵਿਆਂ ਦੀ GIS ਰਿਕਾਰਡ ਦੇ UID ਨੰਬਰਾਂ ਵਿੱਚ ਸੋਧ/ਦਰੁਸਤੀ ਕਰਵਾ ਸਕਦਾ ਹੈ। ਨਿਸ਼ਚਿਤ ਸਮੇਂ ਤੋਂ ਬਾਅਦ GIS ਰਿਕਾਰਡ ਵਿੱਚ ਉਪਬਲਧ ਹੋਏ ਵੇਰਵਿਆਂ ਨੂੰ ਪ੍ਰਾਪਰਟੀ ਟੈਕਸ ਵਸੂਲ ਕਰਨ ਅਤੇ ਨਗਰ ਨਿਗਮ, ਬਠਿੰਡਾ ਵੱਲੋਂ ਪਬਲਿਕ ਹਿੱਤ ਵਿੱਚ ਮੁਹੱਈਆ ਕਰਵਾਈਆਂ ਜਾਂਦੀਆਂ ਸਹੂਲਤਾਂ ਲਈ ਇਸ ਰਿਕਾਰਡ ਨੂੰ ਵਰਤੋਂ ਵਿੱਚ ਲਿਆਂਦਾ ਜਾਵੇਗਾ। ਇੱਥੇ ਇਹ ਦੱਸਣਯੋਗ ਹੈ ਕਿ GIS ਦੇ UID ਨੰਬਰਾਂ ਦਾ ਰਿਕਾਰਡ ਅਤੇ ਨਗਰ ਨਿਗਮ ਦਾ ਕੋਈ ਵੀ ਰਿਕਾਰਡ ਕਿਸੇ ਵੀ ਵਿਅਕਤੀ ਨੂੰ ਹਰਗਿਜ਼ ਕਾਨੂੰਨਣ ਮਾਲਕੀ ਦਾ ਹੱਕ ਨਹੀਂ ਦਿੰਦਾ, ਜਿਸ ਦੀ ਕੋਈ ਐਵੀਡੈਂਟਰੀ ਵੈਲਿਊ ਨਹੀਂ ਹੈ।

**ਕਮਿਸ਼ਨਰ**

**ਨਗਰ ਨਿਗਮ, ਬਠਿੰਡਾ।**